# ਅਗੰਮਵਾਕ ਨੂੰ ਸਮਝਣਾ

ਫ਼ਰੈਂਕਲਿਣ

1ਕੁਰਿਥੀਆਂ 14:1 ਪ੍ਰੇਮ ਦੇ ਮਗਰ ਲਗੋ। ਤਾਂ ਵੀ ਆਤਮਕ ਦਾਨਾ ਨੂੰ ਲੋਚੋ ਪਰ ਵਧਕੇ ਇਹ ਜੋ ਤੁਸੀਂ ਅਗੰਮ ਵਾਕ ਕਰੋ।

## 1. ਅਗੰਮਵਾਕ ਬਾਰੇ ਸਚਿਆਈ

ਯੂਨਾਨੀ ਸ਼ਬਦ: ਪਰੋਫੇਟਿਆ ( ਪਰੋ - ਅਗੰਮ; ਫੇਮੀ - ਬੋਲਨਾ ) "ਪ੍ਰਮੇਸ਼ਵਰ ਦੇ ਮੰਨ ਤੇ ਸਲਾਹ ਨੂੰ ਅਗੰਮ ਵਿਚ ਬੌਲਨਾ" ਨੂੰ ਦਰਸ਼ਾਉਂਦਾ ਹੈ।

ਪੂਰਾਨੇ ਨੀਯਮ ਵਿਚ ਅਗੰਮ ਵਾਕ ਦੀ ਸੇਵਕਾਈ ਖਾਸ ਕਰਕੇ ਆਨ ਵਾਲਿਆਂ ਭਵਿਖ ਦੀ ਘਟਨਾਵਾਂ ਨੂੰ ਅਗੰਮ ਵਿਚ ਬੌਲਨਾ ਸੀ।

ਮੀਕਾਹ 5:2 ਪਰ ਹੇ ਬੈਤਲਹਮ ਅਫ਼ਰਾਥਾਹ, ਤੂੰ ਜੋ ਯਹੂਦਾਹ ਦੇ ਹਜ਼ਾਰਾਂ ਵਿਚ ਛੋਟਾ ਹੈਂ, ਤੈਥੋਂ ਇਕ ਮੇਰੇ ਲਈ ਨਿਕਲੇਗਾ ਜੋ ਇਸਰਾਏਲ ਵਿਚ ਹਾਕਮ ਹੋਵੇਗਾ, ਜਿਹ ਦਾ ਨਿਕਲਣਾ ਪਰਾਚੀਨ ਸਮੇਂ ਤੋਂ,ਸਗੋਂ ਅਨਾਦ ਤੋਂ ਹੇ।

ਅਤੇ ਕਦੇ ਕਦਾਰ ਨਵੇਂ ਨਿਯਮ ਵਿਚ (ਯੂਹੰਨਾ 11:51)

ਯੂਹੰਨਾ 11:51 ਪਰ ਇਹ ਓਸ ਨੇ ਆਪਣੀ ਵਲੋਂ ਨਹੀਂ ਕਿਹਾ ਪਰ ਇਸ ਕਾਰਨ ਜੋ ਉਹ ਉਸ ਸਾਲ ਸਰਦਾਰ ਜਾਜਕ ਸੀ ਅਗੰਮ ਗਿਆਨ ਨਾਲ ਖਬਰ ਦਿਤੀ ਜੋ ਯਿਸੂ ਉਸ ਕੌਮ ਦੇ ਬਦਲੇ ਮਰਨ ਨੂੰ ਸੀ।

ਅਗੰਮ ਵਾਕ ਉਹਨਾਂ ਦੀ ਘੋਸ਼ਨਾ ਕਰਨਾ ਹੈ ਜਿਨਾਂ ਗਲਾਂ ਦਾ ਸਵਭਾਵਿਕ ਤਰੀਕਿਆਂ ਦੇ ਨਾਲ ਪਤਾ ਨਾ ਲਗੇ।

ਮਤੀ 26:68 ਹੇ ਮਸੀਹ, ਸਾਨੂੰ ਅਗੰਮ ਗਿਆਨ ਨਾਲ ਦਸ, ਤੈਨੂੰ ਕਿਹਨੇ ਮਾਰਿਆ।

ਇਹ ਪ੍ਰਮੇਸ਼ਵਰ ਦੀ ਇਛਾ ਨੂੰ ਭੂਤਕਾਲ, ਵਰਤਮਾਨ ਕਾਲ ਜਾਂ ਭਵਿਖ ਕਾਲ ਦੇ ਸੰਕਲਪ ਵਿਚ ਦਸਨਾ ਹੈ । ਉਤਪਤ 20:7; ਬਿਵਸਥਾਸਾਰ 18:18; ਪ੍ਰਕਾਸ਼ ਦੀ ਪੋਥੀ 10:11; 11:3

ਨਵੇ ਨੇਮ ਵਿਚ ਇਹ ਸੁਧਾਰ, ਓਤਸਾਹ ਅਤੇ ਤਸਲੀ ਦੇਣ ਲਈ ਹੈ।

1 ਕੁਰਿਥੀਆਂ 14:3 ਪਰ ਜਿਹੜਾ ਅਗੰਮ ਵਾਕ ਕਰਦਾ ਹੈ ਓਹ ਲਾਭ ਅਤੇ ਓਪਦੇਸ਼ ਅਤੇ ਤਸਲੀ ਦੀਆਂ ਗਲਾਂ ਮਨੁਖਾਂ ਨਾਲ ਕਰਦਾ ਹੈ।

ਭਵਿਖ ਦਸਣ ਦਾ ਅਗਮਵਾਕ ਨਵੇਂ ਨੇਮ ਵਿਚ ਹੈ ਤੇ ਕਦੇ ਕਦਾਰ ਇਸ ਨੂੰ ਪ੍ਰਕਾਸ਼ ਕਰਕੇ ਕਿਹਾ ਜਾਂਦਾ ਹੈ । ਜਿਵੇਂ ਕੀ, ਬਾਇਬਲ ਦੀ ਆਖਰੀ ਕਿਤਾਬ ਜਰੂਰੀ ਅਗੰਮਵਾਕ ਹੈ ਅਤੇ ਇਹ "ਪ੍ਰਕਾਸ਼ ਦੀ ਪੌਥੀ" ਹੈ । ਇਸ ਵਿਚ ਪਰਿਵਰਤਣ ਦਾ ਮੁਖ ਕਾਰਣ ਯਾਜਕਾਈ ਸੇਵਕਾਈ ਦਾ ਪਰਿਵਰਤਣ ਹੈ ।

- ਪੁਰਾਣੇ ਨੇਮ ਵਿਚ ਪ੍ਰਭੂ ਤੋਂ ਜਾਣਕਾਰੀ ਹਾਸਿਲ ਕਰਣ ਲਈ ਜਾਜਕ ਦੀ ਲੌੜ ਪੈਂਦੀ ਸੀ ।

- ਨਵੇਂ ਨੇਮ ਵਿਚ ਹਰ ਵਿਸ਼ਵਾਸੀ ਸ਼ਾਹੀ ਜਾਜਕਾਂ ਦਾ ਹਿਸਾ ਹੈ, ਅਤੇ ਅਪਣੇ ਤੋਰ ਤੇ ਹੀ ਪ੍ਰਭੂ ਨਾਲ ਨਾਤਾ ਬਣਾ ਸਕਦਾ ਹੈ ।

1 ਪਤਰਸ 2:9 ਪਰ ਤੁਸੀਂ ਚੁਣਿਆ ਹੋਇਆ ਵੰਸ, ਜਾਜਕਾਂ ਦੀ ਸ਼ਾਹੀ ਮੰਡਲੀ, ਪਵਿਤਰ ਕੌਮ, ਪਰਮੇਸ਼ੁਰ ਦੀ ਖਾਸ ਪਰਜਾ ਹੋ ਭਈ ਤੁਸੀਂ ਓਹ ਦਿਆਂ ਗੁਣਾਂ ਦਾ ਪਰਚਾਰ ਕਰੋ ਜਿਹ ਨੇ ਤੁਹਾਨੂੰ ਅਨ੍ਹੇਰੇ ਤੋਂ ਆਪਣੇ ਅਚਰਜ ਚਾਨਣ ਵਿਚ ਸਦ ਲਿਆ ।

ਇਹ ਵੀ ਹੈ ਕੀ ਚੋਥੀ ਸਦੀ ਤਕ ਸਾਡੇ ਕੋਲ ਬਾਇਬਲ ਨਹੀਂ ਸੀ । ਅਜ ਵਿਸ਼ਵਾਸੀ ਅਪਣੀ ਆਤਮਕ ਅਗਵਾਈ ਲਈ ਬਾਇਬਲ ਵਿਚ ਜਾ ਸਕਦੇ ਨੇ । ਕੋਈ ਸਲਾਹ ਲੈਂਣ ਲਈ ਸੇਵਕ ਕੋਲ ਜਾ ਸਕਦਾ ਹੈ, ਅਤੇ ਅਗਵਾਈ ਅਗੰਮਵਾਕ ਨਾਲ ਵੀ ਹੋ ਸਕਦੀ ਹੈ ।

- ਰਸੂਲਾਂ ਦੇ ਕਰਤਬ 21:10-13

ਅਕਸਰ ਦੂਜੇ ਵਰਦਾਨਾ ਦੇ ਨਾਲ ਅਗੰਮਵਾਕ ਦਾ ਵਰਦਾਨ ਵੀ ਹੁੰਦਾ ਹੈ ।

- ਬੁਧ ਦੇ ਸ਼ਬਦ, ਗਿਆਣ ਦੇ ਸ਼ਬਦ, ਅਤੇ ਆਤਮਾਵਾਂ ਦੇ ਪਰਖ ਦਾ ਵਰਦਾਣ । ਰਸੂਲਾਂ ਦੇ ਕਰਤਬ 13:8-12; 16:16-18
- ਚੰਗਿਆਈ ਰਸੂਲਾਂ ਦੇ ਕਰਤਬ 14:8-10

# 2. ਅਗੰਮਵਾਕ ਕ੍ਰਿਆਸ਼ੀਲ ਵਿਚ ਅਲੌਕਿਕ (ਸੁਪਰਨੈਚੁਰਲ) ਹੈ

ਪ੍ਰਚਾਰ ਦਾ ਸ਼ਬਦ ਨਵੇਂ ਨੇਮ ਵਿਚ ਅਗੰਮਵਾਕ ਦੇ ਸ਼ਬਦ ਤੌਂ ਵਖਰਾ ਹੈ । ਪ੍ਰਚਾਰ ਨੂੰ ਸਾਵਧਾਨੀ ਨਾਲ ਤਿਆਰੀ ਦੀ ਲੋੜ ਹੁੰਦੀ ਹੈ ( ਪ੍ਰਾਥਨਾ, ਅਧਿਅਣ, ਪਵਿਤਰ ਆਤਮਾ ਦੀ ਅਗੁਵਾਈ ) । ਅਗੰਮਵਾਕ ਕਰਣ ਲਈ ਤਿਆਰੀ ਨਹੀਂ ਕਰਨੀ ਪੈਂਦੀ, ਬਸ ਪਵਿਤਰ ਆਤਮਾ ਨਾਲ ਅੰਦਰੋਂ ਪ੍ਰਭਾਵ ਪੈਣ ਅਤੇ ਵਚਣ ਆਓਣ ਦਾ ਇੰਤਜਾਰ ਕਰਨਾ ਹੁੰਦਾ ਹੈ । ਅਕਸਰ ਪਹਿਲਾਂ ਕੁਛ ਸ਼ਬਦ ਹੀ ਮਿਲਦੇ ਹਣ ਤੇ ਜਿਵੇਂ ਹੀ ਓਹ ਮਨੁਖ ਬੋਲਣ ਲਗਦਾ ਹੈ ਤੇ ਬਾਕੀ ਦੇ ਸ਼ਬਦ ਵੀ ਆ ਜਾਂਦੇ ਹਣ ।

ਅਗੰਮਵਾਕ - ਅਲੌਕਿਕ ਤਰੀਕੇ ਨਾਲ ਪਰਮੇਸ਼ੁਰ ਦਾ ਕਿਸੇ ਨਾਲ ਗਲ ਕਰਨਾ - ਪ੍ਰਚਾਰ ਕਰਦੇ ਇਹ ਹੋ ਸਕਦਾ ਹੈ । ਪਰ ਇਹ ਪਹਿਲਾਂ ਤੋਂ ਤਿਆਰ ਕਿਤਾ ਨਹੀਂ ।

2 ਪਤਰਸ 1:20,21 ਕਿ ਪਹਿਲ ਤੁਸੀ ਇਹ ਜਾਣਦੇ ਹੋ ਭਈ ਧਰਮ ਪੁਸਤਕ ਦੇ ਕਿਸੇ ਅਗੰਮਵਾਕ ਦਾ ਅਰਥ ਅਪਣੇ ਜਤਨ ਨਾਲ ਨਹੀਂ ਹੁੰਦਾ । ਕਿਉਂਕੀ ਕੋਈ ਅਗੰਮਵਾਕ ਮਨੁਖ ਦੀ ਇਛਿਆ ਤੋਂ ਕਦੇ ਨਹੀਂ ਆਇਆ ਸਗੋਂ ਮਨੁਖ ਪਵਿਤਰ ਆਤਮਾ ਦੇ ਉਭਾਰਨ ਨਾਲ ਪਰਮੇਸ਼ੁਰ ਦੇ ਵਲੋਂ ਬੋਲਦੇ ਸਨ ।

ਅਗੰਮਵਾਕ ਦਾ ਅਕਸਰ ਜੋੜ ਹੈ ਜਾਂ ਕਿਸੇ ਤੇ ਪਵਿਤਰ ਆਤਮਾ ਆਉਣ ਤੇ ਹੁੰਦਾ ਹੈ

- ਗਿਣਤੀ 11:17, 25-29 ਅਲਦਾਦ ਤੇ ਮੇਦਾਦ
- 1ਸਮੂਏਲ 10:6,9,10 ਸ਼ਾਊਲ

ਪਵਿਤਰ ਆਤਮਾ ਥੋੜੇ ਸਮੇਂ ਲਈ ਕਿਸੀ ਆਵਿਸ਼ਵਾਸੀ ਜਾਂ ਮਨੁਖ ਤੇ ਜੋ ਪੂਰੇ ਤਰੀਕੇ ਨਾਲ ਪ੍ਰਭੂ ਦੀ ਇਛਾ ਤੋਂ ਬਾਹਰ ਹੈ ਆ ਸਕਦੀ ਹੈ ਤੇ ਉਸ ਵਸੀਲੇ ਕਿਸੇ ਵਰਦਾਨ ਦਾ ਪਰਦਰਸ਼ਣ ਹੋ ਸਕਦਾ ਹੈ ।

## ਇਸ ਲਈ, ਆਤਮਾ ਦੇ ਵਰਦਾਨ ਦਾ ਪ੍ਰਗਟੀਕਰਣ ਇਸ ਗਲ ਦਾ ਸਬੂਤ ਨਹੀਂ ਹੈ ਕਿ ਉਸ ਮਨੁਖ ਦਾ ਦਿਲ ਪ੍ਰਭੂ ਦੇ ਨਾਲ ਠੀਕ ਹੈ ।

- ਕਯਾਫਾ ਦਾ ਅਗਮਵਾਕ ਯੂਹੰਨਾ 11:49-52
- ਸ਼ਾਊਲ ਦੇ ਹਲਕਾਰੇ 1 ਸਮੂਯੇਲ 19:20-23
- ਯਹੂਦਾ ਇਸਕਰੋਤੀ ਦਾ ਬਿਮਾਰਾਂ ਨੂੰ ਚੰਗਾ ਕਰਨਾ ਤੇ ਭੂਤਾਂ ਨੂੰ ਕਢਣਾ ਰਸੂਲਾਂ ਦੇ ਕਰਤਵ 1:17,25

ਇਹ ਵੀ ਸੰਭਵ ਹੈ ਕੀ ਅਗੰਮਵਾਕ ਕਿਸੇ ਦੇ ਵਸੀਲੇ ਆ ਸਕਦਾ ਹੈ ਜਿਹੜਾ ਵਿਸ਼ਵਾਸੀ ਵੀ ਨਹੀਂ, ਜਿਹੜਾ ਕੀ ਅਗੰਮਵਾਕ ਪਵਿਤਰ ਆਤਮਾ ਦੇ ਰਾਹੀ ਨਹੀਂ ਪਰ ਕਿਸੇ ਹੋਰ ਦੇ ਰਾਹੀ ਜਾਂ ਦੁਸਟ ਆਤਮਾ ਬੇਸ਼ਕ ਉਹ ਇਹ ਦਾਵਾ ਕਰਦੇ ਨੇ ਕੀ ਉਹ ਪ੍ਰਭੂ ਯਿਸੂ ਮਸੀਹ ਦੇ ਨਬੀ ਹਣ ।

- ਇਹ ਯਿਸੂ ਦੇ ਵਚਣਾਂ ਤੋਂ ਸਾਬਿਤ ਹੁੰਦੇ ਹਣ: ਮਤਿ 7:22,23

**ਇਸ ਲਈ ਸਾਨੂੰ ਅਗੰਮਵਾਕ ਲਈ ਬਹੁਤ ਸਾਵਧਾਣ ਹੋਣ ਦੀ ਲੋੜ ਹੈ ਜਾਂ ਕਿਸੇ ਵੀ ਵਰਦਾਨਾ ਲਈ, ਭਈ ਉਹ ਕਿਥੋਂ ਆਏ ਅਤੇ ਕਿਥੋਂ ਮਿਲੇ ।**

- 1 ਕੁਰਿੰਥੀਆਂ 14:29 ਦੋ ਜਾਂ ਤਿਣ ਨਬਿਆਂ ਨੂੰ ਬੋਲਣ ਦਿਤਾ ਜਾਵੇ, ਅਤੇ ਬਾਕੀ ਦੇ ਪਰਖ ਕਰਨ

ਹਰ ਇਕ ਅਗੰਮਵਾਕ ਦੀ ਪਰਖ ਐਲਡਰ ਤੇ ਕਲਿਸੀਆ ਦੇ ਆਤਮਕ ਆਗੂਆਂ ਦੇ ਰਾਹੀ ਕਿਤੀ ਜਾਣੀ ਚਾਹਿਦੀ ਹੈ ।ਅਗੰਮਵਾਕ ਕਦੇ ਵੀ ਲਿਖੇ ਹੋਏ ਧਰਮਸ਼ਾਸਤਰ ਦੇ ਵਚਣਾਂ ਦੇ ਵਿਪਰੀਤ ਨਹੀਂ ਹੋਵੇਗਾ ।

ਇਕ ਨਬੀ ਅਤੇ ਉਸ ਦੇ ਵਿਸ਼ਵਾਸ ਯੋਗਤਾ ਦੇ ਪਰਖ ਕਰਣ ਦਾ ਸਬ ਤੋਂ ਅਛਾ ਤਰੀਕਾ ਹੈ ਕਿ ਉਹ ਕਿਸ ਰਿਤੀ ਨਾਲ ਪ੍ਰਮੇਸ਼ਵਰ ਦੇ ਵਚਣਾਂ ਦਾ ਅਧਿਅਣ ਕਰਦਾ, ਵਚਣਾਂ ਨੂੰ ਜਾਂਣਦਾ ਤੇ ਉਸ ਅਨੁਸਾਰ ਚਲਦਾ ਹੈ ।

- 1 ਕੁਰਿੰਥੀਆਂ 14:37,38 ਜੇ ਕੋਈ ਆਪਣੇ ਆਪ ਨੂੰ ਨਬੀ ਯਾਂ ਆਤਮਕ ਸਮਝੇ ਤਾਂ ਜਿਹੜੀਆਂ ਗਲਾਂ ਮੈਂ ਤੁਹਾਨੂੰ ਲਿਖਦਾ ਹਾਂ ਉਹ ਓਹਨਾਂ ਨੂੰ ਜਾਣ ਲਵੇ ਭਈ ਓਹ ਪ੍ਰਭੂ ਦੇ ਹੁਕਮ ਹਨ । ਪਰ ਜੇ ਕੋਈ ਨਾ ਜਾਣੇ ਤਾਂ ਨਾ ਜਾਣੇ ।

# 3. ਝੂਠੇ ਨਬੀ ਤੇ ਝੂਠੇ ਅਗੰਮਵਾਕ

1 ਯੂਹੰਨਾ 4:1-3 ਹੇ ਪਿਆਰਿਓ, ਹਰੇਕ ਆਤਮਾ ਦੀ ਪਰਤੀਤ ਨਾ ਕਰ ਲਓ ਸਗੋਂ ਆਤਮਿਆਂ ਨੂੰ ਪਰਖੋ ਭਈ ਓਹ ਪਰਮੇਸ਼ੁਰ ਤੋਂ ਹਨ ਕਿ ਨਹੀਂ ਕਿਉਂ ਜੋ ਬਾਹਲੇ ਝੂਠੇ ਨਬੀ ਸੰਸਾਰ ਵਿਚ ਨਿਕਲ ਆਏ ਹਨ । ਇਸ ਤੋਂ ਤੁਸੀਂ ਪਰਮੇਸ਼ੁਰ ਦੇ ਆਤਮਾ ਨੂੰ ਜਾਣ ਲਓ । ਹਰੇਕ ਆਤਮਾ ਜਿਹੜਾ ਮੰਨ ਲੈਂਦਾ ਹੈ ਭਈ ਯਿਸੂ ਮਸੀਹ ਦੇਹਧਾਰੀ ਹੋ ਕੇ ਆਇਆ ਸੋ ਪਰਮੇਸ਼ੁਰ ਤੋਂ ਹੈ । ਅਤੇ ਹਰੇਕ ਆਤਮਾ ਜਿਹੜਾ ਯਿਸੂ ਨੂੰ ਨਹੀਂ ਮੰਨਦਾ ਸੋ ਪਰਮੇਸ਼ੁਰ ਤੋਂ ਨਹੀਂ, ਅਤੇ ਇਹੋ ਮਸੀਹ ਦੇ ਵਿਰੋਧੀ ਦਾ ਉਹ ਆਤਮਾ ਹੈ ਜਿਹੜਾ ਤੁਸਾਂ ਸੁਣਿਆ ਭਈ ਆਉਂਦਾ ਹੈ ਅਤੇ ਉਹ ਹੁਣ ਭੀ ਸੰਸਾਰ ਵਿਚ ਹੈ।

ਅਗੰਮਵਾਕ ਦੀ ਇਕ ਪਰਖ:
ਬਿਵਸਥਾ ਸਾਰ 18:22 ਜਦ ਉਹ ਨਬੀ ਯਹੋਵਾਹ ਦੇ ਨਾਮ ਉਤੇ ਬੋਲੇ ਅਤੇ ਉਹ ਗਲ ਪੂਰੀ ਨਾ ਹੋਵੇ, ਨਾ ਹੀ ਉਹ ਬੀਤੇ ਤਾਂ ਏਹ ਉਹ ਗਲ ਹੈ ਜਿਹੜੀ ਯਹੋਵਾਹ ਨਹੀਂ ਬੋਲਿਆ । ਉਹ ਨਬੀ ਹਿਕ ਧਕੇ ਨਾਲ ਉਹ ਗਲ ਬੋਲਿਆ, ਤੁਸੀਂ ਉਸ ਤੋਂ ਨਾ ਡਰੋ ।

# 4. ਅਗੰਮਵਾਕ ਦੀ ਸੀਮਾ

1 ਕੁਰਿੰਥੀਆਂ 13:9 ਅਸੀਂ ਤਾਂ ਕੁਝ ਕੁਝ ਜਾਣਦੇ ਹਾਂ ਅਤੇ ਕੁਝ ਕੁਝ ਅਗੰਮ ਵਾਕ ਬੋਲਦੇ ਹਾਂ ।

ਅਗੰਮਵਾਕ ਦੀ ਸਹੀ ਵਿਚ ਪਰਖ ਹੋ ਜਾਂਦੀ ਹੈ ਜਿਸ ਤਰੀਕੇ ਨਾਲ ਅਗੰਮਵਾਕ ਬੋਲਣ ਵਾਲਾ ਤਰਸ, ਫਿਕਰ ਤੇ ਪਰਵਾਹ ਕਰਦੇ ਹੋਏ ਬੋਲਣ ਵਾਲੇ ਨੂੰ ਬੋਲਦਾ ਹੈ (1 ਕੁਰਿੰਥੀਆਂ 13:1-3) ।
ਕੋਈ ਵੀ ਅਗੰਮਵਾਕ ਜਿਹੜਾ ਨਵਾਂ ਸਿਧਾਂਤ (ਨਵੀਂ ਡੋਕਟਰਿਣ) ਪੇਸ਼ ਕਰੇ ਜਿਹੜਾ ਧਰਮ ਸ਼ਾਸਤਰ ਦੇ ਵਚਨਾਂ ਨਾਲ ਮੇਲ ਨਾ ਖਾਵੇ, ਉਸ ਦਾ ਤਿਰਸਕਾਰ ਕਿਤਾ ਜਾਣਾ ਚਾਹਿਦਾ ਹੈ, ਉਸ ਖਿਲਾਫ ਬੋਲਣਾ ਚਾਹਿਦਾ ਅਤੇ ਸੁਧਾਰ ਕਰਣਾ ਚਾਹਿਦਾ ਹੈ । ਸਿਧਾਂਤ (ਡੋਕਟਰਿਣ) ਧਰਮ ਸ਼ਾਸਤਰ ਦੇ ਵਚਣਾ ਤੇ ਅਧਾਰਿਤ ਹੋਣੇ ਚਾਹਿਦੇ ਨੇ ਨਾਂ ਕੀ “ਪ੍ਰਕਾਸ਼ਾਂ” ਉਤੇ । ਕਈ ਗਲਤ ਮਤ (ਕਲਟ) ਵਚਣਾਂ ਦੇ ਥੋੜੇ ਜਹੇ ਹੀ ਟੇਡੇ ਕਰਣ ਤੋਂ ਪੈਦਾ ਹੋ ਗਈਆਂ ਹਣ ।

ਕਈ ਝੂਠੇ ਸਿਧਾਂਤਾਂ ਨੇ ਜਿਣਾਂ ਅਜ ਦੇ ਚਰਚ ਨੂੰ ਬਿਮਾਰ ਕਰ ਦਿਤਾ ਹੈ ਉਨਾਂ ਦਾ ਕਾਰਣ ਖਿਆਲੀ “ਪ੍ਰਕਾਸ਼” ਹਣ । ਝੂਠੇ ਅਗੰਮਵਾਕ ਦੇ ਨਤੀਜਿਆਂ ਕਰਕੇ ਬਹੁਤ ਸਾਰੇ ਚਰਚਾਂ ਵਿਚ ਆਪਸੀ ਝਗੜਿਆਂ ਨਾਲ ਵੰਡ ਪੈ ਗਈ ਅਤੇ ਆਪਸੀ ਰਿਸ਼ਤਿਆਂ ਚੇ ਟੁਟ ਪੈ ਗਈ । ਇਹ ਸੰਭਵ ਹੈ ਕਿ ਅਗੰਮਵਾਕ ਵਿਚ ਇਣਸਾਨੀ ਦਿਮਾਗ ਆ ਕੇ ਪ੍ਰਕਾਸ਼ ਦੇ ਸਕਦਾ ਹੈ ਤੇ ਇਹ ਇਸ ਤਰਾਂ ਇਸ ਵਰਦਾਣ ਦੇ ਇਸਤੇਮਾਲ ਲਈ ਬੜਾ ਖਤਰਨਾਕ ਹੋ ਸਕਦਾ ਹੈ ।

2 ਤਿਮੋਥਿਉਸ 3:16,17 ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾਂ ਤੋਂ ਹੈ ਅਤੇ ਸਿਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ । ਭਈ ਪਰਮੇਸ਼ੁਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ ।

ਪਵਿਤਰ ਆਤਮਾ ਪਵਿਤਰ ਵਚਣਾਂ ਵਿਚ ਹੋਰ ਵਚਣ ਨਹੀਂ ਜੋੜਦਾ । ਪਵਿਤਰ ਵਚਣ ਇਕ ਮਨੁਖ ਨੂੰ ਪੁਰੇ ਤੋਰ ਤੇ ਤਿਆਰ ਕਰਣ ਲਈ ਜਿਨੀਂ ਵੀ ਉਸ ਦੀ ਜਰੂਰਤ ਹੈ, ਕਾਫੀ ਹਣ । ਫਿਰ ਵੀ ਅਗੰਮਵਾਕ ਦਾ ਵਰਦਾਣ ਕਿਸੇ ਇਕ ਮਨੁਖ ਦਾ ਧਿਆਣ ਕੇਂਦਰ ਜਾਂ ਸਤ ਨੂੰ ਉਸ ਦੀ ਲੋੜ ਅਨੁਸਾਰ ਪ੍ਰਗਟ ਕਰ ਸਕਦਾ ਹੈ ।

ਉਧਾਰਣ ਤੌਰ ਤੇ ਸਹੀ ਅਗੰਮਵਾਕ ਦਾ ਪ੍ਰਕਾਸ਼ ਮਿਲਦਾ ਹੈ:

- ਰਸੂਲਾਂ ਦੇ ਕਰਤਬ 11: 27-30 ਸ਼ੁਰੂ ਦਾ ਚਰਚ ਅਕਾਲ ਲਈ ਤਿਆਰ ਸੀ
- ਰਸੂਲਾਂ ਦੇ ਕਰਤਬ 16:9,10 ਪੋਲੁਸ ਦੀ ਮਕਦੂਨਿਯਾ ਨੂੰ ਅਗੁਵਾਈ
- ਰਸੂਲਾਂ ਦੇ ਕਰਤਬ 20:23, 21:10-13 ਪੋਲੁਸ ਨੂੰ ਯਰੂਸ਼ਲਮ ਵਿਚ ਅਗੇ ਕਿ ਹੈ ਦੀ ਚਤਾਵਣੀਂ
- 1 ਕੁਰਿੰਥੀਆਂ 14:26 ਇਹ ਦਸਦਾ ਹੈ ਕਿ ਲੋਕਾਂ ਦੇ ਇਕਠ ਵਿਚ ਪ੍ਰਕਾਸ਼ ਦੀ ਸਚਮੁਚ ਅਪਨੀ ਇਕ ਜਗਹ ਹੈ, ਪਰ ਇਹ ਸਿਧਾਂਤ ਬਨਾਉਣ ਲਈ ਨਹੀਂ ਹੈ ।

# 5. ਅਗੰਮਵਾਕ ਦੀ ਵਿਸ਼ੇਸ਼ਤਾ ਤੇ ਗਹਰਾਈ ਅਗੰਮਵਾਕ ਕਰਨ ਵਾਲੇ ਦੀ ਪ੍ਰਪਕ ਤੇ ਹੈ ।

1 ਕੁਰਿੰਥੀਆਂ 14:31 ਤੁਸੀਂ ਸਬੇ ਇਕ ਇਕ ਕਰਕੇ ਅਗੰਮਵਾਕ ਕਰ ਸਕਦੇ ਹੋ, ਤਾਂ ਜੋ ਹਰ ਇਕ ਸਿਖੇ ਤੇ ਹਰ ਇਕ ਦੀ ਤਰਕਿ ਹੋਵੇ ।

- ਜਿਹੜੇ ਸਿਖਦੇ ਨੇ ਉਨ੍ਹਾਂ ਪ੍ਰਤੀ ਧੀਰਜ ਰਖਣ ਦਾ ਅਭਿਆਸ ਕਰਨਾ ਚਾਹਿਦਾ ਹੈ ।
- ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਜਦ ਕੋਈ ਅਗੰਮਵਾਕ ਕਰਦਾ ਹੈ ਜਾਂ ਫਿਰ ਅਨੁਵਾਦ ਕਰਦਾ ਹੈ ਤਾਂ ਇਹ ਕੇਵਲ ਪਰਮੇਸ਼ੁਰ **ਨਹੀਂ** ਬੋਲ ਰਿਹਾ – ਨਹੀਂ ਤਾਂ ਫਿਰ ਸਮਝਾਉਣ ਤੇ ਸਿਖਾਉਣ ਦੀ ਲੋੜ 1 ਕੁਰਿੰਥੀਆਂ 14:31 ਅਨੁਸਾਰ ਜਰੂਰੀ ਨਹੀਂ ਸੀ । ਪ੍ਰਭੂ ਪ੍ਰੇਰਨਾ ਦਿੰਦੇ ਹਣ ਅਤੇ ਫਿਰ ਮਨੁਖ, ਅਪਣੇ ਮਣ ਨਾਲ, ਅਪਣੇ ਸ਼ਬਦਾਂ ਵਿਚ ਬਦਲਦਾ ਹੈ । ਇਹ ਤਾਂ ਜੋੜ ਹੈ ਆਚੂਕ ਪਰਮੇਸ਼ੁਰ ਤੇ ਚੂਕ ਕਰਨ ਵਾਲੇ ਇਨਸਾਨ ਦਾ । ਇਸ ਲਈ ਫਿਰ, ਅਗੰਮਵਾਕ ਨੂੰ ਸਾਵਧਾਨੀ ਨਾਲ ਤੋਲਣਾ ਤੇ ਪਰਖਣਾ ਚਾਹਿਦਾ ਹੈ ਕਿਉਂ ਜੋ ਇਨਸਾਨ ਦਾ ਮਨ ਅਸਾਨੀ ਦੇ ਨਾਲ ਪ੍ਰਭੂ ਦੇ ਵਚਣਾਂ ਤੋਂ ਵੀ ਅਗੇ ਵਧ ਕੇ ਹੋਰ ਗਲਾਂ ਜੋੜ ਸਕਦਾ ਹੈ ।
- 32 ਹਵਾਲੇ ਚੇ ਲਿਖਿਆ ਹੈ; "ਨਬੀਆਂ ਦੇ ਆਤਮੇ ਨਬੀਆਂ ਦੇ ਵਸ ਵਿਚ ਹਨ"
  ਜਿਸ ਦਾ ਅਰਥ ਹੈ ਜੋ ਮਨੁਖ ਅਗੰਮਵਾਕ ਕਰਦੇ ਉਹ ਵਸ ਵਿਚ ਹਣ ਅਤੇ ਜਿੰਮੇਦਾਰ ਹਣ ਜੋ ਵੀ ਉਹ ਬੋਲਦੇ ਅਤੇ ਕਰਦੇ । ਉਹ ਪੂਰੀ ਰਿਤੀ ਨਾਲ ਪਵਿਤਰ ਆਤਮਾਂ ਦੇ ਰਾਹੀ ਕਾਬੂ ਨਹੀਂ ਕਿਤੇ ਹੋਏ ਹਣ । ਮਨੁਖ ਕਾਬੁ ਵਿਚ ਹਣ ਜੋ ਵੀ ਉਹ ਕਰਦੇ, ਜੋ ਵੀ ਉਹ ਬੋਲਦੇ ਅਤੇ ਉਹ ਜਿਵੇਂ ਵੀ ਬੋਲਦੇ । ਇਸ ਲਈ ਫਿਰ, ਅਗੰਮਵਾਕ ਨੂੰ ਬੜੀ ਸਾਵਧਾਨੀ ਦੇ ਨਾਲ ਤੋਲਨਾ ਤੇ ਪਰਖਣਾ ਚਾਹਿਦਾ ਹੈ ।

  **ਅਗੰਮਵਾਕ ਕਰਣ ਦੀ ਯੋਗਤਾ ਸਬਨਾਂ** ਦੇ ਲਈ ਹੈ । ਸਬਨਾਂ ਦੇ ਕੋਲ ਪਵਿਤਰ ਆਤਮਾ ਹੈ ।

- ਰਸੂਲਾਂ ਦੇ ਕਰਤਬ 2:17,18 ਪਰਮੇਸ਼ੁਰ ਆਖਦਾ ਹੈ ਕਿ ਅੰਤ ਦੇ ਦਿਨਾਂ ਵਿਚ ਐਉਂ ਹੋਵੇਗਾ, ਜੋ ਮੈਂ ਆਪਣੇ ਆਤਮਾ ਵਿਚੋਂ **ਸਾਰੇ** ਸਰੀਰਾਂ ਉਤੇ ਵਹਾ ਦਿਆਂਗਾ, ਅਤੇ ਤੁਹਾਡੇ **ਪੁਤ੍ਰ** ਅਰ ਤੁਹਾਡੀਆਂ **ਧੀਆਂ** ਅਗੰਮ ਵਾਕ ਕਰਨਗੇ, ਅਤੇ ਤੁਹਾਡੇ ਜੁਆਨ ਦਰਸ਼ਣ ਵੇਖਣਗੇ, ਅਤੇ ਤੁਹਾਡੇ ਬੁਢੇ ਸੁਫਨੇ ਵੇਖਣਗੇ ।ਹਾਂ, ਮੈਂ ਆਪਣੇ **ਦਾਸਾਂ** ਅਤੇ ਆਪਣੀਆਂ **ਦਾਸੀਆਂ** ਉਤੇ ਉਨ੍ਹੀਂ ਦਿਨੀਂ ਆਪਣੇ ਆਤਮਾ ਵਿਚੋਂ ਵਹਾ ਦਿਆਂਗਾ, ਅਰ ਓਹ ਅਗੰਮ ਵਾਕ ਕਣਨਗੇ ।

**ਬੇਸ਼ਕ ਕੁਝ ਹੀ ਹਣ** ਜਿਨਾ ਦੇ **ਕੋਲ "ਵਰਦਾਣ" ਹੈ** (ਰੋਮੀਆਂ 12:4-6) ਅਤੇ ਉਹ ਉਹਨਾ ਦਾ ਪ੍ਰਪਕ ਅਤੇ ਕਬੂਲੇ ਜਾਣ ਦੇ ਤਰੀਕੇ ਦੇ ਨਾਲ ਬੰਦਗਿਆਂ ਦੇ ਵਿਚ ਇਸਤੇਮਾਲ ਕਰਦੇ ਹਣ ।

# 6. ਅਗੰਮਵਾਕ ਦਾ ਉਦੇਸ਼

ਪਰਕਾਸ਼ ਦੀ ਪੋਥੀ 19:10 ਯਿਸੂ ਦੀ ਗਵਾਹੀ ਤਾਂ ਅਗੰਮਵਾਕ ਦੀ ਰੂਹ ਹੈ ।
ਪਰਕਾਸ਼ ਦੀ ਪੋਥੀ 19:10 ਅਗੰਮਵਾਕ ਦੀ ਖੁਸ਼ਬੂ ਯਿਸੂ ਦੀ ਸਪਸ਼ਟ ਗਵਾਹੀ ਦੇਨੀ ਹੈ ।

ਅਗੰਮਵਾਕ ਦਾ ਉਦੇਸ਼ ਹੈ ਕਿ ਲੋਕ ਜਾਂ ਜਿਨਾ ਲੋਕਾਂ ਨੂੰ ਦਸਿਆ ਜਾ ਰਿਹਾ ਹੈ ਉਹ ਯਿਸੂ ਦੇ ਪ੍ਰੇਮ, ਕਰੂਨਾ, ਫਿਕਰ, ਤੇ ਮੁਕਤਿ ਨੂੰ ਜਾਨਣ ।
1 ਕੁਰਿੰਥੀਆਂ 14:3-5 ਪਰ ਜਿਹੜਾ ਅਗੰਮਵਾਕ ਕਰਦਾ ਹੈ ਉਹ **ਲਾਭ** ਅਤੇ **ਉਪਦੇਸ਼** ਅਤੇ **ਤਸਲੀ** ਦੀਆਂ ਗਲਾਂ ਮਨੁਖਾਂ ਨਾਲ ਕਰਦਾ ਹੈ । (4) ਜਿਹੜਾ ਪਰਾਈ ਭਾਖਿਆ ਬੋਲਦਾ ਹੈ ਉਹ ਆਪ ਹੀ ਲਾਭ ਲੈਂਦਾ ਹੈ ਪਰ ਜਿਹੜਾ ਅਗੰਮਵਾਕ ਕਰਦਾ ਹੈ ਉਹ ਕਲੀਸਿਯਾ ਨੂੰ ਲਾਭ ਦਿੰਦਾ ਹੈ । (5) ਹੁਣ ਮੈਂ ਚਾਹੁੰਦਾ ਹਾਂ ਜੋ ਤੁਸੀਂ ਸਭੇ ਪਰਾਈਆਂ ਭਾਖਿਆਂ ਬੋਲੋ ਪਰ ਇਸ ਤੋਂ ਵਧੀਕ ਇਹ, ਜੋ ਤੁਸੀਂ ਅਗੰਮਵਾਕ ਕਰੋ । ਜਿਹੜਾ ਪਰਾਈਆਂ ਭਾਖਿਆਂ ਬੋਲਣ ਵਾਲਾ ਹੈ ਜੇਕਰ ਉਹ ਅਰਥ ਨਾ ਕਰੇ ਜਿਸ ਤੋਂ ਕਲੀਸਿਯਾ ਲਾਭ ਉਠਾਵੇ ਤਾਂ ਅਗੰਮ ਵਾਕ ਕਰਨ ਵਾਲਾ ਉਸ ਨਾਲੋਂ ਉਤਮ ਹੈ ।

# 7. ਅਗੰਮਵਾਕ ਉਣਤ ਕਰਦਾ

1 ਕੁਰਿੰਥੀਆਂ 14:4 ਜਿਹੜਾ ਪਰਾਈ ਭਾਖਿਆ ਬੋਲਦਾ ਹੈ ਉਹ ਆਪ ਹੀ ਲਾਭ (ਉਣਤ) ਲੈਂਦਾ ਹੈ ਪਰ ਜਿਹੜਾ ਅਗੰਮਵਾਕ ਕਰਦਾ ਹੈ ਉਹ ਕਲੀਸਿਯਾ ਨੂੰ ਲਾਭ (ਉਣਤੀ) ਦਿੰਦਾ ਹੈ ।

ਔਈਕੋਡੋਮੀਂ (ਯੂਨਾਨੀਂ) ਸਟਰੋਨਗ: 3619 ਦਾ ਗਠ:
3624 ਔਈਕੋਜ਼ - ਘਰ, ਮਕਾਨ ਜਾਂ ਮੰਦਿਰ ਤੇ
1430 ਡੋਮਾਂ - ਬਨਾਉਣਾਂ
ਇਸ ਲਈ: ਘਰ ਦਾ ਬਨਾਉਣਾਂ ਜਾਂ ਠਾਂਚਾ; ਬਨਾਉਣਾਂ

ਉਣਤ - ਕਿਸੇ ਨਾਲ ਇਸ ਰੀਤੀ ਨਾਲ ਗਲ ਕਰਣੀਂ ਕਿ ਉਹ ਆਤਮਕ, ਨੈਤਿਕ ਜਾਂ ਬੁਧਵਾਣ ਤੋਰ ਤੇ ਉਤਸਾਹਿਤ ਹੋਵੇ ।
ਰੋਮੀਆਂ 14:19 ਸੋ ਚਲੋ ਅਸੀਂ ਓਹਨਾਂ ਗਲਾਂ ਦਾ ਪਿਛਾ ਕਰੀਏ ਜਿਨ੍ਹਾਂ ਤੋਂ ਮਿਲਾਪ ਅਤੇ ਇਕ ਦੂਏ ਦੀ ਤਰਕੀ ਹੋਵੇ ।

# 8. ਅਗੰਮਵਾਕ ਪ੍ਰੇਰਨਾਂ ਦਿੰਦਾ ਹੈ

ਪੈਰਾਕਲੇਸਿਸ (ਯੁਨਾਨੀਂ)
ਪ੍ਰੇਰਨਾਂ ਦੇਨਾਂ - ਮਜਬੂਤ, ਹਮੇਸ਼ਾਂ ਉਤਸਾਹ ਦੇਨ ਵਾਲੇ ਸ਼ਬਦ, ਚੇਤਾਵਣੀਂ, ਸਲਾਹ ਜਾਂ ਬੇਨਤੀ ਕਰਨੀਂ ।

1 ਕੁਰਿੰਥੀਆਂ 1:10; 4:16    1 ਥਸਲੁਨੀਕੀਆਂ 4:1    2 ਥਸਲੁਨੀਕੀਆਂ 3:12
2 ਤਿਮੋਥਿਉਸ 4:2    ਤਿਤੁਸ 1:9 ; 2:15    1 ਪਤਰਸ 5:1

# 9. ਅਗੰਮਵਾਕ ਤਸਲੀ ਦੇਂਦਾ ਹੈ ਪੈਰਾਮੁਥਿਆ (ਯੁਨਾਨੀ)

ਤਸਲੀ ਦੇਨਾ - ਦਿਲਾਸਾ ਦੇਨਾ, ਸ਼ਾਂਤ ਕਰਨਾ, ਅਸਾਨੀ, ਛੁਟਕਾਰਾ, ਕਸ਼ਟਾਂ ਤੇ ਕਲੇਸ਼ਾਂ ਵਿਚ ।

2 ਕੁਰਿੰਥੀਆਂ 1:3-6 ਮੁਬਾਰਕ ਹੈ ਸਾਡੇ ਪ੍ਰਭੁ ਯਿਸੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹੜਾ ਦਿਆਲਗੀਆਂਦਾ ਪਿਤਾ ਅਤੇ ਸਰਬ ਦਿਲਾਸੇ ਦਾ ਪਰਮੇਸ਼ੁਰ ਹੈ । ਜੋ ਸਾਡੀਆਂ ਸਾਰੀਆਂ ਬਿਪਤਾਂ ਵਿਚ ਸਾਨੂੰ ਦਿਲਾਸਾ ਦਿੰਦਾ ਹੈ ਭਈ ਅਸੀਂ ਉਸੇ ਦਿਲਾਸੇ ਤੋਂ ਜਿਹ ਨੂੰ ਅਸਾਂ ਪਰਮੇਸ਼ੁਰ ਵਲੋਂ ਪਾਇਆ ਹੈ ਓਹਨਾਂ ਨੂੰ ਹਰ ਬਿਪਤਾ ਵਿਚ ਦਿਲਾਸਾ ਦੇਣ ਜੋਗੇ ਹੋਈਏ । ਕਿਉਂਕਿ ਜਿਵੇਂ ਮਸੀਹ ਦੇ ਦੁਖ ਸਾਡੇ ਲਈ ਬਾਹਲੇ ਹਨ ਤਿਵੇਂ ਸਾਡਾ ਦਿਲਾਸਾ ਵੀ ਮਸੀਹ ਦੇ ਰਾਹੀਂ ਬਾਹਲਾ ਹੈ । ਪਰੰਤੂ ਅਸੀਂ ਭਾਵੇਂ ਬਿਪਤਾ ਭੋਗਦੇ ਹਾਂ ਪਰ ਇਹ ਤਾਂ ਤੁਹਾਡੇ ਦਿਲਾਸੇ ਅਤੇ ਮੁਕਤੀ ਲਈ ਹੈ ਅਤੇ ਭਾਵੇਂ ਦਿਲਾਸਾ ਪਾਉਂਦੇ ਹਾਂ ਪਰ ਇਹ ਤੁਹਾਡੇ ਦਿਲਾਸੇ ਲਈ ਹੈ ਜਿਹੜਾ ਉਨ੍ਹਾਂ ਦੁਖਾਂ ਦੇ ਧੀਰਜ ਨਾਲ ਝਲਣ ਵਿਚ ਗੁਣਕਾਰੀ ਹੈ ਜੋ ਅਸੀਂ ਵੀ ਝਲਦੇ ਹਾਂ ।

ਕੁਝ ਮਾਤ੍ਰਾ ਤਕ ਦੀ ਮੁਸੀਬਤਾਂ ਤੇ ਕਸ਼ਟ ਹਰ ਵਿਸ਼ਵਾਸੀ ਤੇ ਆਉਂਦੇ ਨੇ ਅਤੇ ਇੰਨ੍ਹਾ ਦਾ ਪਵਿਤਰੀ ਕਰਣ ਤੇ ਪ੍ਰਪਕ ਦਾ ਅਸਰ ਹੁੰਦਾ ਹੈ ।

ਕੁਰਿੰਥੀਆਂ ਦੇ ਚਰਚ ਵਿਚ ਜਿਸ ਪਾਪ ਕਿਤਾ ਸੀ ਪੌਲੂਸ ਨੇ ਉਸ ਲਈ ਕਿਹਾ "ਉਸ ਨੂੰ ਸ਼ਮਾਂ ਕਰੋ ਤੇ ਦਿਲਾਸਾ ਦਿਓ, ਮਤੇ ਬਹੁਤਾ ਗ਼ਮ ਏਹੋ ਜੇਹੇ ਮਨੁਖ ਨੂੰ ਖਾ ਜਾਵੇ" । 2 ਕੁਰਿੰਥੀਆਂ 2:7

ਜਿਹੜੇ ਬੜੀ ਮੁਸੀਬਤਾਂ ਚੋਂ ਲੰਗ ਰਹੇ ਹੋਣ ਉਹਨਾ ਲਈ ਅਗੰਮਵਾਕ ਚੰਗਿਆਈ ਦੀ ਮਰਹਮ ਦਾ ਕੰਮ ਕਰ ਸਕਦੀ ਹੈ । ਰੂਹਾਨੀ ਸ਼ਬਦਾਂ ਦੇ ਦੇਣ ਨਾਲ ਜਿਹੜੇ ਅਜਮਾਇਸ਼ਾਂ ਤੇ ਕਸ਼ਟਾਂ ਚੋਂ ਲੰਗ ਰਹੇ ਹੁੰਦੇ ਨੇ ਉਨ੍ਹਾਂ ਨੂੰ ਸਾਂਤੀ ਤੇ ਦਿਲਾਸਾ ਮਿਲਦਾ ਹੈ ।

# 10. ਅਗੰਮਵਾਕ ਪਾਪੀਆਂ ਨੂੰ ਕਾਇਲ ਕਰਦਾ ਹੈ

1 ਕੁਰਿੰਥੀਆਂ 14:24,25 ਪਰ ਜੇ ਸਭੇ ਅਗੰਮਵਾਕ ਬੋਲਣ ਅਤੇ ਕੋਈ ਨਿਹਚਾਹੀਣ ਅਥਵਾ ਵਾਕਫ ਅੰਦਰ ਆਵੇ ਤਾਂ ਸਭਨਾਂ ਤੋਂ ਕਾਇਲ ਕੀਤਾ ਜਾਵੇਗਾ, ਸਭਨਾਂ ਤੋਂ ਜਾਂਚਿਆ ਜਾਵੇਗਾ । ਉਹ ਦੇ ਮਨ ਦੀਆਂ ਗੁਪਤ ਗਲਾਂ ਪਰਗਟ ਹੋਣਗੀਆਂ ਅਤੇ ਇਉਂ ਮੂੰਧੇ ਪੈ ਕੇ ਉਹ ਪਰਮੇਸ਼ੁਰ ਨੂੰ ਮਥਾ ਟੇਕੇਗਾ ਅਤੇ ਆਖੇਗਾ ਭਈ ਸਚੀ ਮੁਚੀ ਪਰਮੇਸ਼ੁਰ ਏਹਨਾਂ ਦੇ ਵਿਚ ਹੈ ।

ਅਗੰਮਵਾਕ ਵਿਸ਼ਵਾਸੀਆਂ ਨੂੰ ਆਸ਼ਿਸ਼ ਦਿੰਦਾ ਹੈ ਤੇ ਪਾਪੀਆਂ ਨੂੰ ਕਾਇਲ ਕਰਦਾ ਹੈ । ਇਹ ਹੋਣ ਦਿੰਦਾ ਹੈ ਕਿ ਅਵਿਸ਼ਵਾਸੀ ਜਾਣੇ ਕਿ ਤੁਹਾਡੇ ਵਿਚ ਅਲੋਕਿਕ ਘਟਨਾਂ ਘਟੀ ਹੈ ਤੇ ਪ੍ਰਭੂ ਪ੍ਰਮੇਸ਼ੁਰ ਤੁਹਾਡੇ ਨਾਲ ਹੈ । ਅਗੰਮਵਾਕ ਵਿਚ ਕੁਝ ਨਾ ਕੁਝ ਭਵਣ ਵਿਚ ਤੀਰ ਵਾਂਗ ਵਜੇਗਾ ਤੇ ਅਵਿਸ਼ਵਾਸੀ ਨੂੰ ਮਹਿਸੂਸ ਹੋਵੇਗਾ ਜਿਵੇਂ ਪ੍ਰਮੇਸ਼ੁਰ ਸਿਧਾ ਉਸ ਨਾਲ ਹੀ ਗਲ ਕਰ ਰਿਹਾ ਹੋਵੇ ।

ਸਾਨੂੰ ਇਹ ਪਤਾ ਹੋਣਾ ਚਾਹਿਦਾ ਹੈ ਕਿ ਕਾਇਲ ਹੋ ਜਾਨਾ ਮਣ ਪਰਿਵਰਤਣ ਨਹੀਂ ਹੈ । ਅਗੰਮਵਾਕ ਪਾਪੀਆਂ ਦੇ ਮਣ ਪਰਿਵਰਤਣ ਲਈ ਕਾਫੀ ਨਹੀਂ ਹੈ । ਸੁਸਮਾਚਾਰ ਦੇ ਸਮਝਾਉਣ ਦੀ (ਫੋਲੋ-ਅਪ) ਸਿਖਿਆ ਦਿਤੀ ਜਾਣੀਂ ਜਰੂਰੀ ਹੈ ਤਾਂ ਜੋ ਉਹ ਵਿਅਕਤੀ ਯਿਸੂ ਮਸੀਹ ਨੂੰ ਅਪਨਾਂ ਮੁਕਤਿ ਦਾਤਾ ਕਬੂਲ ਕਰਣ ਤੇ ਉਸ ਨੂੰ ਪ੍ਰਭੂ ਜਾਣ ਕੇ ਆਗਿਆ ਪਾਲਣ ਕਰਣ ਦੇ ਫੈਸਲੇ ਤੇ ਪਹੁੰਚੇ ।

# 11. ਆਖਰੀ ਸ਼ਬਦ 1 ਕੁਰਿੰਥੀਆਂ 13:8 - 14 :1

ਪ੍ਰੇਮ ਕਦੇ ਟਲਦਾ ਨਹੀਂ, ਪਰ ਭਾਵੇਂ ਅਗੰਮਵਾਕ ਹੋਣ ਓਹ ਮੁਕ ਜਾਣਗੇ, ਭਾਵੇਂ ਬੋਲੀਆਂ ਹੋਣ ਓਹ ਜਾਂਦੀਆਂ ਰਹਿਣਗੀਆਂ, ਭਾਵੇਂ ਇਲਮ ਹੋਵੇ ਉਹ ਮੁਕ ਜਾਵੇਗਾ । ਅਸੀਂ ਤਾਂ ਕੁਝ ਕੁਝ ਜਾਣਦੇ ਹਾਂ ਅਤੇ ਕੁਝ ਕੁਝ ਅਗੰਮਵਾਕ ਬੋਲਦੇ ਹਾਂ । ਪਰ ਜਦ ਸੰਪੂਰਨ ਆਵੇ ਤਦ ਅਧੂਰਾ ਮੁਕ ਜਾਵੇਗਾ । ਜਦ ਮੈਂ ਨਿਆਣਾ ਸਾਂ ਤਦ ਨਿਆਣੇ ਵਾਂਗੁ ਬੋਲਦਾ, ਨਿਆਣੇ ਵਾਂਗੁ ਸਮਝਦਾ ਅਤੇ ਨਿਆਣੇ ਵਾਂਗੁ ਜਾਂਚਦਾ ਸਾਂ । ਹੁਣ ਮੈਂ ਸਿਆਣਾ ਜੋ ਹੋਇਆ ਤਾਂ ਮੈਂ ਨਿਆਣਪੁਣੇ ਦੀਆਂ ਗਲਾਂ ਛਡ ਦਿਤੀਆਂ ਹਨ । ਇਸ ਵੇਲੇ ਤਾਂ ਅਸੀਂ ਸ਼ੀਸ਼ੇ ਵਿਚ ਧੁੰਦਲਾ ਜਿਹਾ ਵੇਖਦੇ ਹਾਂ ਪਰ ਓਸ ਵੇਲੇ ਰੋਬਰੂ ਵੇਖਾਂਗੇ । ਇਸ ਵੇਲੇ ਮੈਂ ਕੁਝ ਕੁਝ ਜਾਣਦਾ ਹਾਂ ਪਰ ਓਸ ਵੇਲੇ ਉਹੋ ਜਿਹਾ ਜਾਣਾਂਗਾ ਜਿਹੋ ਜਿਹਾ ਮੈਂ ਵੀ ਜਾਣਿਆ ਗਿਆ ਹਾਂ । ਹੁਣ ਤਾਂ ਨਿਹਚਾ, ਆਸ਼ਾ, ਪ੍ਰੇਮ, ਏਹ ਤਿੰਨੇ ਰਹਿੰਦੇ ਹਨ ਪਰ ਏਹਨਾਂ ਵਿਚੋਂ ਉਤਮ ਪ੍ਰੇਮ ਹੀ ਹੈ । ਪ੍ਰੇਮ ਦੇ ਮਗਰ ਲਗੋ । ਤਾਂ ਵੀ ਆਤਮਕ ਦਾਨਾਂ ਨੂੰ ਲੋਚੋ ਪਰ ਵਧਕੇ ਇਹ ਜੋ ਤੁਸੀਂ ਅਗੰਮਵਾਕ ਕਰੋ ।